ਗ੍ਰਾਮੀਣ ਨੌਜਵਾਨ – ਭਵਿੱਖ ਦੇ ਕਿਸਾਨ

ਏ. ਐਸ. ਗੋਮਸੇ ਅਤੇ ਵੀ . ਐਸ. ਟੇਕਾਲੇ

ਭਾਰਤ ਵਿੱਚ ਨੌਜਵਾਨਾਂ ਦੀ ਵਧਦੀ ਹੋਈ ਆਬਾਦੀ ਇੱਕ ਸੰਪੱਤੀ ਹੈ ਜਿਸਨੂੰ ਦੇਸ਼ ਦੇ ਨਿਰਮਾਣ ਵਿੱਚ ਵਰਤਣ ਦੀ ਲੋੜ ਹੈ। ਗ੍ਰਾਮੀਣ ਨੌਜਵਾਨਾਂ ਦੇ ਭਲੇ ਲਈ ਬਹੁਤ ਸਾਰੇ ਵਿਕਾਸ ਪ੍ਰੋਗਰਾਮ ਲਾਗੂ ਕੀਤੇ ਜਾ ਰਹੇ ਹਨ। ਗ੍ਰਾਮੀਣ ਨੌਜਵਾਨਾਂ ਦੀਆਂ ਇੱਛਾਵਾਂ ਅਤੇ ਉਹਨਾਂ ਕਾਰਕਾਂ ਨੂੰ ਸਮਝਣ ਲਈ ਮਹਾਂਰਾਸ਼ਟਰ ਵਿੱਚ ਇੱਕ ਅਧਿਐਨ ਕੀਤਾ ਗਿਆ ਜ਼ੋ ਉਹਨਾਂ ਨੂੰ ਖੇਤੀ ਵਿੱਚ ਰਹਿਣ ਲਈ ਮੱਦਦ ਕਰ ਸਕਦੇ ਹਨ। ਅਧਿਐਨ ਦੇ ਨਤੀਜੇ ਅਤੇ ਸੂਝਾਂ ਗ੍ਰਾਮੀਣ ਨੌਜਵਾਨਾਂ ਨੂੰ ਖੇਤੀ ਵਿੱਚ ਬਣਾਏ ਰੱਖਣ ਲਈ ਉਚਿਤ ਰਣਨੀਤੀ ਬਣਾਉਣ ਵਿੱਚ ਮੱਦਦ ਕਰ ਸਕਦੇ ਹਨ।

ਭਾਰਤ ਵਿੱਚ, ਨੌਜਵਾਨ ਆਬਾਦੀ ਦਾ ਸੰਖਿਆ ਵਿੱਚ ਪ੍ਰਮੁੱਖ, ਸੰਸਾਧਨ ਸੰਪੰਨ ਅਤੇ ਸਾਹਸੀ ਵਰਗ ਹੈ। ਮੌਜੂਦਾ ਸਮੇਂ ਵਿੱਚ ਭਾਰਤ ਦੀ ਵਰਤਮਾਨ ਆਬਾਦੀ ਦਾ 50 ਪ੍ਰਤੀਸ਼ਤ ਤੋਂ ਵੱਧ ਹਿੱਸਾ 25 ਸਾਲ ਤੋਂ ਘੱਟ ਉਮਰ ਦਾ ਹੈ ਅਤੇ 35 ਸਾਲ ਤੱਕ ਦੀ 65% ਤੋਂ ਵੱਧ ਹੈ ਅਤੇ ਉਹਨਾਂ ਵਿੱਚੋਂ ਜ਼ਿਆਦਾਤਰ ਪੇਂਡੂ ਖੇਤਰਾਂ ਵਿੱਚ ਰਹਿੰਦੇ ਹਨ। ਭਾਰਤੀ ਜਣਗਣਨਾ 2011 ਅਨੁਸਾਰ, 2022 ਤੱਕ ਭਾਰਤ 64 ਪ੍ਰਤੀਸ਼ਤ ਦੀ ਨੌਜਵਾਨ ਕੰਮਕਾਜੀ ਆਬਾਦੀ ਦੇ ਨਾਲ ਦੁਨੀਆ ਦਾ ਸਭ ਤੋਂ ਨੌਜਵਾਨ ਦੇਸ਼ ਹੋਵੇਗਾ। ਇਸ ਲਈ ਆਬਾਦੀ ਦੇ ਇਸ ਹਿੱਸੇ ਦੀ ਸਿਰਜਣਾਤਮਕ ਊਰਜਾ ਨੂੰ ਚੰਗੇ ਪਾਸੇ ਲਾਉਣਾ ਰਾਸ਼ਟਰ ਦੀ ਸਿਰਜਣਾ ਲਈ ਮਹੱਤਵਪੂਰਨ ਹੈ। ਜਦੋਂਕਿ ਭਾਰਤ ਨੂੰ ਆਪਣੀ ਇਸ ਨੌਜਵਾਨ ਆਬਾਦੀ ਦਾ ਲਾਭ ਲੈਣਾ ਚਾਹੀਦਾ ਹੈ, ਖੇਤੀਬਾੜੀ ਵਿੱਚ ਸ਼ਾਮਿਲ ਨੌਜਵਾਨਾਂ ਦੇ ਵਿਕਾਸ ਲਈ ਕਾਫ਼ੀ ਘੱਟ ਕੀਤਾ ਗਿਆ ਹੈ। ਨੌਜਵਾਨ ਕੇਂਦ੍ਰਿਤ ਪ੍ਰੋਗਰਾਮ ਬੜੇ ਹੀ ਘੱਟ ਹਨ ਅਤੇ ਇਹਨਾਂ ਦੇ ਪ੍ਰਭਾਵ ਦੇ ਉਦਾਹਰਨ ਵੀ ਬਹੁਤ ਘੱਟ ਦੇਖਣ ਨੂੰ ਮਿਲਦੇ ਹਨ। ਫਿਰ ਵੀ ਆਈਸੀਏਆਰ ਅਤੇ ਹੋਰ ਕਈ ਦੇਸ਼ਾਂ ਦੇ ਖੇਤੀ ਵਿਭਾਗ ਨੌਜਵਾਨ ਕਿਸਾਨਾਂ ਦੁਆਰਾ ਸੰਭਾਵਿਤ ਨਵੀਨ ਤਰੀਕੇ ਅਤੇ ਵਿਭਿੰਨ ਖੇਤੀ ਉੱਦਮਾਂ ਨੂੰ ਅਪਣਾਉਣ ਦੀ ਉਹਨਾਂ ਦੀ ਸਮਰੱਥਾ ਨੂੰ ਪਛਾਣ ਰਹੇ ਹਨ।

ਬਹੁਤ ਸਾਰੇ ਨੌਜਵਾਨ ਕਿਸਾਨ ਉੱਚ ਜ਼ੋਖਮ ਅਤੇ ਉੱਚ ਮੁਨਾਫੇ ਵਾਲੀ ਖੇਤੀ ਜਿਵੇਂ ਜੈਵਿਕ ਖੇਤੀ, ਫੁੱਲਾਂ ਦੀ ਖੇਤੀ, ਔਸ਼ਧੀ ਅਤੇ ਖੁਸ਼ਬੂਦਾਰ ਪੌਦਿਆਂ ਦੀ ਖੇਤੀ ਆਦਿ ਕਰ ਰਹੇ ਹਨ, ਜਿੰਨਾਂ ਤੋਂ ਅਕਸਰ ਵੱਡੀ ਉਮਰ ਦੇ ਕਿਸਾਨ ਪਰਹੇਜ਼ ਕਰਦੇ ਰਹੇ ਹਨ।

ਇਹਨਾਂ ਨਵੇਂ ਖੇਤੀ ਉੱਦਮਾਂ ਨੂੰ ਸਰਕਾਰੀ ਏਜੰਸੀਆਂ ਅਤੇ ਵਿੱਤੀ ਸੰਸਥਾਵਾਂ ਦੁਆਰਾ ਹੁਨਰ ਸਿਖਲਾਈ, ਵਿੱਤ ਅਤੇ ਮੰਡੀਕਰਨ ਸਹਿਯੋਗ ਦੇ ਰੂਪ ਵਿੱਚ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ ਤਾਂਕਿ ਨੌਜਵਾਨ ਫਾਇਦੇ ਵਾਲੀ ਖੇਤੀ ਕਰ ਸਕਣ।

ਨੌਜਵਾਨ ਕਿਸਾਨਾਂ ਅਤੇ ਉਤਪਾਦਕਾਂ ਵਿੱਚ ਬਜ਼ੁਰਗਾਂ ਦੇ ਮੁਕਾਬਲੇ ਨਵੀਂਆਂ ਤਕਨੀਕਾਂ ਅਤੇ ਉੱਦਮਤਾ ਨੂੰ ਅਪਣਾਉਣ ਦੀ ਜ਼ਿਆਦਾ ਸਮਰੱਥਾ ਹੁੰਦੀ ਹੈ। ਸਰਕਾਰ ਦੇ ਨਾਲ-ਨਾਲ ਗੈਰ ਸਰਕਾਰੀ ਸੰਸਥਾਵਾਂ ਦੁਆਰਾ ਕਈ ਤਰ੍ਹਾ ਦੇ ਵਿਕਾਸ ਪ੍ਰੋਗਰਾਮ ਪਿੰਡਾਂ ਵਿੱਚ ਚਲਾਏ ਜਾ ਰਹੇ ਹਨ ਤਾਂਕਿ ਨੌਜਵਾਨ ਪਿੰਡਾਂ ਵਿੱਚ ਅਤੇ ਖਾਸ ਕਰਕੇ ਖੇਤੀ ਨਾਲ ਜੁੜੇ

ਅਧਿਐਨ ਦੌਰਾਨ 300 ਨੌਜਵਾਨਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ

ਰਹਿਣ। ਗ੍ਰਾਮੀਣ ਨੌਜਵਾਨਾਂ ਦੀਆਂ ਇੱਛਾਵਾਂ ਨੂੰ ਸਮਝਣ ਅਤੇ ਉਹਨਾਂ ਕਾਰਕਾਂ ਨੂੰ ਜਾਣਨ ਜੋ ਕਿ ਉਹਨਾਂ ਨੂੰ ਖੇਤੀ ਨਾਲ ਜ਼ੋੜ ਕੇ ਰੱਖ ਸਕਦੇ ਹਨ, ਇੱਕ ਅਧਿਐਨ ਕੀਤਾ ਗਿਆ। ਅਧਿਐਨ ਇਸ ਧਾਰਨਾ ਦੇ ਨਾਲ ਕੀਤਾ ਗਿਆ ਕਿ ਇਸ ਅਧਿਐਨ ਦੇ ਨਤੀਜੇ ਪ੍ਰਬੰਧਕਾਂ ਅਤੇ ਨੀਤੀ ਘਾੜਿਆਂ ਲਈ ਨੌਜਵਾਨਾਂ ਨੂੰ ਖੇਤੀ ਵੱਲ ਆਕ੍ਰਸ਼ਿਤ ਕਰਨ ਅਤੇ ਖੇਤੀ ਵਿੱਚ ਬਣਾਏ ਰੱਖਣ ਲਈ ਸੰਭਾਵਿਤ ਰਣਨੀਤੀਆਂ/ਪਹਿਲਕਦਮੀਆਂ ਬਣਾਉਣ ਵਿੱਚ ਮੱਦਦ ਕਰਨਗੇ।

ਵਿਧੀ

ਇੱਕ ਖੋਜਕਾਰੀ ਰਿਸਰਚ ਡਿਜ਼ਾਈਨ ਦਾ ਪ੍ਰਯੋਗ ਕੀਤਾ ਗਿਆ। ਵਰਤਮਾਨ ਅਧਿਐਨ ਮਹਾਂਰਾਸ਼ਟਰ ਦੇ ਵਿਦਰਭ ਖੇਤਰ ਦੇ ਦੋ ਜਿਲ੍ਹਿਆਂ ਯਵਤਮਾਲ (ਅਮਰਾਵਤੀ ਮਾਲ ਵਿਭਾਗ ਤੋਂ) ਅਤੇ ਨਾਗਪੁਰ (ਨਾਗਪੁਰ ਮਾਲ ਵਿਭਾਗ ਤੋਂ) ਵਿੱਚ ਕੀਤਾ ਗਿਆ। ਸਭ ਤੋਂ ਵੱਧ ਗ੍ਰਾਮੀਣ ਨੌਜਵਾਨ ਆਬਾਦੀ ਦੇ ਆਧਾਰ 'ਤੇ ਹਰੇਕ ਜਿਲ੍ਹੇ ਵਿੱਚੋਂ ਤਿੰਨ ਤਾਲੁਕਾ ਅਤੇ ਹਰੇਕ ਤਾਲੁਕਾ ਤੋਂ ਪੰਜ ਪਿੰਡਾਂ ਦੀ ਚੋਣ ਕੀਤੀ ਗਈ। 30 ਪਿੰਡਾਂ ਤੋਂ, ਉੱਤਰਦਾਤਾ ਦੇ ਰੂਪ ਵਿੱਚ 300 ਨੌਜਵਾਨਾਂ ਦੀ ਚੋਣ ਕੀਤੀ ਗਈ। ਇਹ ਉੱਤਰਦਾਤਾ ਸਮੂਹ 16 ਤੋਂ 30 ਸਾਲ ਦੇ ਉਮਰ ਸਮੂਹ ਦੇ ਸਨ ਅਤੇ ਖੇਤੀਬਾੜੀ ਵਿੱਚ ਲੱਗੇ ਹੋਏ ਸਨ।

ਅਧਿਐਨ ਦੇ ਨਤੀਜੇ

ਅਧਿਐਨ ਦੇ ਨਤੀਜਿਆਂ ਤੋਂ ਪਤਾ ਲੱਗਿਆ ਹੈ ਕਿ ਅਧਿਐਨ ਤਹਿਤ ਦਿੱਤੇ ਗਏ ਪੰਦਰਾ ਸੁਤੰਤਰ ਚਰਾਂ ਵਿੱਚੋਂ ਸਿਰਫ ਪੰਜ ਚਰ ਹੀ ਗ੍ਰਾਮੀਣ ਨੌਜਵਾਨਾਂ ਨੂੰ ਖੇਤੀ ਦੇ ਪ੍ਰਤਿ ਇੱਛਾ ਨੂੰ ਪ੍ਰਭਾਵਿਤ ਕਰ ਰਹੇ ਹਨ। ਇਸ ਵਿੱਚ ਸਿੱਖਿਆ, ਖੇਤੀ ਦਾ ਤਜ਼ਰਬਾ, ਸਾਲਾਨਾ ਆਮਦਨੀ, ਸੂਚਨਾ ਦੇ ਸਰੋਤ ਅਤੇ ਸਮਾਜਿਕ ਭਾਗੀਦਾਰੀ ਸ਼ਾਮਿਲ ਹਨ। ਇਹਨਾਂ 5 ਚਰਾਂ ਦੀ ਗ੍ਰਾਮੀਣ ਇੱਛਾਵਾਂ ਵਿੱਚ ਯੋਗਦਾਨ ਸੀ – ਸਿੱਖਿਆ (42.60%), ਸਾਲਾਨਾ ਆਮਦਨੀ (17.50%), ਸਾਮਾਜਿਕ ਭਾਗੀਦਾਰੀ (01।80%), ਸੂਚਨਾ ਦੇ ਸਰੋਤ (00.90%) ਅਤੇ ਖੇਤੀ ਦਾ ਤਜ਼ਰਬਾ (00.80%)। ਇਹਨਾਂ ਪੰਜ ਚਰਾਂ ਨੇ ਨੌਜਵਾਨਾਂ ਦੇ ਖੇਤੀ ਪ੍ਰਤਿ ਰਵੱਈਏ ਬਾਰੇ ਫੈਸਲਾ ਕਰਨ ਬਾਰੇ ਮਹੱਤਵਪੂਰਨ ਯੋਗਦਾਨ ਪਾਇਆ। ਇਹ ਨਤੀਜੇ ਖੇਤੀ ਵਿੱਚ ਉੱਚ ਇੱਛਾਵਾਂ ਦੀ ਪ੍ਰਾਪਤੀ ਵਿੱਚ ਇਹਨਾਂ ਪੰਜ ਮਹੱਤਵਪੂਰ ਨਚਰਾਂ ਦੀ ਭੂਮਿਕਾ ਬਾਰੇ ਮਹੱਤਵਪੂਰਨ ਸਬੂਤ ਪ੍ਰਦਾਨ ਕਰਦੇ ਹਨ। ਅਧਿਐਨ ਦੇ ਤਹਿਤ 15 ਸੁਤੰਤਰ ਚਰਾਂ ਵਿੱਚੋਂ ਕੇਵਲ ਛੇ ਚਰਾ ਨੇ ਗ੍ਰਾਮੀਣ ਨੌਜਵਾਨਾਂ ਨੂੰ ਖੇਤੀ ਵਿੱਚਬਣੇ ਰਹਿਣ ਲਈ ਪ੍ਰਭਾਵਿਤ ਕੀਤਾ। ਇਹਨਾਂ ਵਿੱਚੋਂ ਸਿੱਖਿਆ, ਖੇਤੀ ਦਾ ਤਜ਼ਰਬਾ ਪਰਿਵਾਰਕ ਕਿੱਤਾ, ਸਾਲਾਨਾ ਆਮਦਨੀ, ਆਰਥਿਕ ਪ੍ਰੇਰਣਾ ਅਤੇ ਪ੍ਰਾਪਤ ਸਿਖਲਾਈ ਸ਼ਾਮਿਲ ਹਨ। ਖੇਤੀ ਵਿੱਚ ਨੌਜਵਾਨਾਂ ਨੂੰ ਬਣਾਏ ਰੱਖਣ ਵਿੱਚ ਇਹਨਾਂ ਛੇ ਚਰਾਂ ਦੇ ਯੋਗਦਾਨ ਦੀ ਸੀਮਾ ਕੁੱਝ ਇਸ ਪ੍ਰਕਾਰ ਸੀ – ਸਿੱਖਿਆ (43.75%), ਸਾਲਾਨਾ ਆਮਦਨੀ (7.66%), ਖੇਤੀ ਤਜ਼ਰਬਾ (01.54%), ਆਰਥਿਕ ਪ੍ਰੇਰਣਾ (01.16%), ਪਰਿਵਾਰਿਕ ਕਿੱਤਾ (01.01%(ਅਤੇ ਪ੍ਰਾਪਤ ਸਿਖਲਾਈ (00.66%)। ਇਹ ਨਤੀਜੇ ਇਹਨਾਂ ਨੂੰ ਖੇਤੀ ਵਿੱਚ ਬਣਾਏ ਰੱਖਣ ਵਿੱਚ ਇਹਨਾਂ ਛੇ ਮਹੱਤਵਪੂਰ ਨਚਰਾਂ ਦੀ ਮਹੱਤਤਾ ਬਾਰੇ ਸਬੂਤ ਪ੍ਰਦਾਨ ਕਰਦੇ ਹਨ।



ਸਿੱਟਾ ਅਤੇ ਅਗਾਂਹ ਦਾ ਰਸਤਾ

ਸਿੱਖਿਆ ਨੂੰ ਖੇਤੀ ਵਿੱਚ ਗ੍ਰਾਮੀਣ ਨੌਜਵਾਨਾਂ ਦੀਆਂ ਇੱਛਾਵਾਂ ਅਤੇ ਖੇਤੀ ਵਿੱਚ ਉਹਨਾਂ ਦੇ ਬਣੇ ਰਹਿਣ ਵਿੱਚ ਇੱਕ ਪ੍ਰਮੁੱਖ ਯੋਗਦਾਨ ਦੇਣ ਵਾਲੇ ਚਰ ਵਜੋਂ ਦੇਖਿਆ ਗਿਆ। ਦੂਸਰੇ ਪਾਸੇ ਆਮਦਨ ਵੀ ਨੌਜਵਾਨਾਂ ਦੀਆਂ ਇੱਛਾਵਾਂ ਨੂੰ ਵਧਾਉਣ ਅਤੇ ਖੇਤੀ ਵਿੱਚ ਉਹਨਾਂ ਨੂੰ ਬਣਾਈ ਰੱਖਣ ਵਿੱਚ ਇੱਕ ਮਹੱਤਵਪੂਰਨ ਕਾਰਕ ਹੈ। ਗ੍ਰਾਮੀਣ ਨੌਜਵਾਨਾਂ ਦੇ ਵਿਅਕਤੀਗਤ, ਸਾਮਾਜਿਕ-ਆਰਥਿਕ, ਮਨੋਵਿਗਿਆਨਕ ਅਤੇ ਸੰਚਾਰ ਵਿਸ਼ੇਸ਼ਤਾਵਾਂ ਵੀ ਖੇਤੀ ਵਿੱਚ ਇਹਨਾਂ ਨੌਜਵਾਨਾਂ ਦੀਆਂ ਇੱਛਾਵਾਂ ਅਤੇ ਇਹਨਾਂ ਦੇ ਖੇਤੀ ਵਿੱਚ ਬਣੇ ਰਹਿਣ ਦੇ ਕੁੱਝ ਨਿਰਧਾਰਕ ਕਾਰਕ ਸਨ।

ਅਧਿਐਨ ਦੇ ਨਤੀਜਿਆਂ ਤੋਂ ਇਹ ਪਤਾ ਚੱਲਿਆ ਕਿ ਜ਼ਿਆਦਾਤਰ ਗ੍ਰਾਮੀਣ ਨੌਜਵਾਨ ਸਾਲਾਨਾ ਆਮਦਨੀ ਦੀ ਨਿਮਨ-ਮੱਧ ਸ਼੍ਰੇਣੀ ਨਟਾਲ ਸੰਬੰਧਤ ਹਨ। ਅਜਿਹੇ ਨੌਜਵਾਨਾਂ ਨੂੰ ਖੇਤੀ ਵਿੱਚ ਬਣਾਏ ਰੱਖਣ ਲਈ, ਸਬਸਿਡੀ ਆਧਾਰਤ ਉੱਦਮ ਜਿਵੇਂ ਫੂਡ ਪ੍ਰੋਸੈਸਿੰਗ, ਮੁੱਲ ਸੰਵਰਧਨ, ਡੇਅਰੀ, ਬੱਕਰੀ ਪਾਲਣ, ਮੁਰਗੀ ਪਾਲਣ, ਮੱਛੀ ਪਾਲਣ, ਮਧੂਮੱਖੀ ਪਾਲਣ ਅਤੇ ਹੋਰ ਛੋਟੇ ਉੱਦਮ ਸਥਾਪਤ ਕਰਨ ਲਈ ਸਹਾਇਤਾ ਦੀ ਜਰੂਰਤ ਹੈ ਜੋ ਕਿ ਇਹਨਾਂ ਗ੍ਰਾਮੀਣ ਨੌਜਵਾਨਾਂ ਨੂੰ ਖੇਤੀ ਤੋਂ ਹੋਣ ਵਾਲੀ ਆਮਦਨ ਦੇ ਨਾਲ-ਨਾਲ ਕੁੱਝ ਵਾਧੂਆਮਦਨੀ ਵੀ ਪ੍ਰਦਾਨ ਕਰੇਗਾ।

ਇਸੇ ਤਰ੍ਹਾ, ਸਰਕਾਰੀ ਏਜੰਸੀਆਂ ਦੁਆਰਾ ਬਿਹਤਰ ਗਿਆਨ ਅਤੇ ਸਿਖਲਾਈ ਦੇ ਨਾਲ ਨਾਲ ਕ੍ਰੈਡਿਟ ਅਤੇ ਮੰਡੀਕਰਨ ਸਹੂਲਤਾਂ ਮੁਹੱਈਆ ਕਰਵਾਉਣ ਲਈ ਕੋਸ਼ਿਸ਼ਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਪ੍ਰਾਪਤ ਕੀਤੀ ਸਿਖਲਾਈ ਨੇ ਵੀ ਨੌਜਵਾਨਾਂ ਨੂੰ ਖੇਤੀ ਵਿੱਚ ਬਣਾਏ ਰੱਖਣ ਲਈ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸਲਈ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਗ੍ਰਾਮੀਣ ਨੌਜਵਾਨਾਂ ਨੂੰ ਵਿਭਿੰਨ ਸਿਖਲਾਈ ਦ੍ਰਿਸ਼ਟੀਕੋਣਾਂ ਅਤੇ ਉੱਨਤ ਖੇਤੀ ਆਧਾਰਿਤ ਤਕਨੀਕਾਂ ਨੂੰ ਏਕੀਕ੍ਰਿਤ ਕਰਕੇ ਵਿਗਿਆਨਕ ਗਿਆਨ ਅਤੇ ਹੁਨਰ ਤੋਂ ਜਾਣੂਕਰਵਾਇਆ ਜਾਵੇ। ਗ੍ਰਾਮੀਣ ਨੌਜਵਾਨਾਂ ਨੂੰ ਰਾਜ ਖੇਤੀ ਵਿਭਾਗਾਂ ਅਤੇ ਹੋਰ ਸਾਮਾਜਿਕ ਭਾਗੀਦਾਰੀ ਵੀ ਗ੍ਰਾਮੀਣ ਨੌਜਵਾਨਾਂ ਦੀਆਂ ਵਧਦੀਆਂ ਅਭਿਲਾਸ਼ਾਵਾਂ ਵਿੱਚ ਯੋਗਦਾਨ ਪਾਉਣ ਵਾਲੇ ਮਹੱਤਵਪੂਰਨ ਕਾਰਕ ਵਜੋਂ ਸਾਹਮਣੇ ਆਇਆ ਹੈ। ਇਸਲਈ, ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਉਹਨਾਂ ਨੂੰ ਫੀਲਡ ਪੱਧਰ ਵਿਸਥਾਰ ਕਾਰਜਕਰਤਾਵਾਂ ਰਾਹੀ ਅਤੇ ਵੱਖ-ਵੱਖ ਸਾਮਾਜਿਕ ਗਤੀਵਿਧੀਆਂ ਵਿੱਚ ਸ਼ਾਮਿਲ ਕਰਕੇ ਗਿਆਨ ਅਤੇ ਹੁਨਰ ਨਾਲ ਸ਼ਸ਼ਕਤ ਕਰਨ ਦੀ ਜਰੂਰਤ ਹੈ। ਵਿਸਥਾਰ ਤੰਤਰ ਨੂੰ ਖੇਤੀ ਵਿੱਚ ਹੋਏ ਤਾਜ਼ਾ ਵਿਕਾਸਾਂ ਬਾਰੇ ਜਾਣਕਾਰੀ ਹੋਣ ਦੀ ਲੋੜ ਹੈ। ਇਸਤੋਂ ਇਲਾਵਾ, ਗ੍ਰਾਮੀਣ ਨੌਜਵਾਨਾਂ ਨੂੰ ਖੇਤੀ ਅਤੇ ਇਸਦੇ ਨਾਲ ਸੰਬੰਧਿਤ ਜਾਂਣਕਾਰੀ ਲਈ ਸੋਸ਼ਲ ਮੀਡੀਆ/ਜਨ ਮੀਡੀਆ ਦੀ ਵਰਤੋਂ ਕਰਨ ਲਈ ਪ੍ਰੋਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਆਰਥਿਕ ਪ੍ਰੋਤਸਾਹਨ ਦੇ ਰੂਪ ਵਿੱਚ ਸਬਸਿਡੀ ਪ੍ਰਦਾਨ ਕਰਨ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ ਅਤੇ ਇਹ ਪ੍ਰੋਤਸਾਹਨ ਵੀ ਨੌਜਵਾਨਾਂ ਨੂੰ ਖੇਤੀ ਵਿੱਚ ਬਣਾ ਕੇ ਰੱਖਣ ਦੇ ਮੁੱਖ ਕਾਰਕ ਹਨ। ਵਿਸਥਾਰ ਏਜੰਸੀਆਂ ਨੂੰ ਗ੍ਰਾਮੀਣ ਨੌਜਵਾਨਾਂ ਨੂੰ ਵਪਾਰਕ ਖੇਤੀ ਵਿੱਚ ਆਪਣੀ ਭਾਗੀਦਾਰੀ ਵਧਾਉਣ ਅਤੇ ਸਮੂਹਿਕ ਖੇਤੀ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਹ ਸਾਮਾਜਿਕ ਪ੍ਰਕ੍ਰਿਆਵਾਂ ਹੀ ਹਨ ਜਿੰਨਾਂ ਕਰਕੇ ਨੌਜਵਾਨਾਂ ਵਿੱਚ ਖੇਤੀ ਬਾਰੇ ਸਕਾਰਾਤਮਕ ਦ੍ਰਿਸ਼ਟੀਕੋਣ ਬਣਿਆ ਰਹਿੰਦਾ ਹੈ। ਇਹ ਗ੍ਰਾਮੀਣ ਨੌਜਵਾਨ ਕਾਰਜਕਰਤਾ ਸਮੂਹਾਂ ਜਾਂ ਭਾਈਚਾਰੇ ਨੂੰ ਮਜਬੂਤ ਕਰਦਾ ਹੈ ਜੋ ਕਿ ਖੇਤੀਬਾੜੀ ਖਾਸ ਕਰਕੇ ਖੇਤੀ ਉੱਦਮੀਆਂ ਨਾਲ ਜੁੜੇ ਹੁੰਦੇ ਹਨ। ਵਿਕਾਸ ਵਿਭਾਗਾਂ ਦੁਆਰਾ ਖੇਤੀ ਯੂਨੀਵਰਸਿਟੀਆਂ ਦੇ ਸਹਿਯੋਗ ਨਾਲ ਆਮਦਨੀ ਉਤਪੰਨ ਕਰਨ ਵਾਲੇ ਉੱਦਮ ਸ਼ੁਰੂਕਰਨ ਦੇ ਲਈ ਸਿਖਲਾਈ ਦਿੱਤੀ ਜਾ ਸਕਦੀ ਹੈ।

ਏ.ਐਸ. ਗੋਮਸੇ
ਸੀਨੀਅਰ ਰਿਸਰਚ ਸਹਾਇਕ,
ਸਹਾਇਕ ਡੀਨ (ਨਿਰਦੇਸ਼)
ਡਾ. ਪੀ.ਡੀ.ਕੇ.ਵੀ.
ਅਕੋਲਾ -444104, ਮਹਾਂਰਾਸ਼ਟਰ, ਭਾਰਤ
ਈਮੇਲ :. ਅਜ;ਪਰਠ਼ਤਕ2002"ਖ਼ੀਰਰ।ਫਰ।ਜਅ

ਵੀ.ਐਸ. ਟੇਕਾਲੇ
ਸਹਾਇਕ ਡੀਨ,
ਖੇਤੀਬਾੜੀ ਕਾਲਜ, ਮੁਲ, ਚੰਦਰਪੁਰ
ਡਾ. ਪੀ.ਡੀ.ਕੇ.ਵੀ.
ਅਕੋਲਾ -444104, ਮਹਾਂਰਾਸ਼ਟਰ, ਭਾਰਤ

Source : Youth and Agroecology
LEISA INDIA, Vol. 26, No 2, June 2024 P.10-14